SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 24* Issue 145 | Friday, 09 August 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ

## GT20: ਪਲੇ ਆਫ ਮੈਚ ਸੁਰੂ ਹੋਣ ਤੋਂ ਪਹਿਲਾਂ ਖਿਡਾਰੀਆਂ ਨੇ ਮੀਡੀਆ ਨਾਲ ਕੀਤੀ ਮੁਲਾਕਾਤ

### ਖਿਡਾਰੀਆਂ ਨੂੰ ਕੈਨੇਡਾ ਵਿੱਚ ਮੌਸਮ ਅਤੇ ਲੋਕਾਂ ਵੱਲੋਂ ਦਿੱਤਾ ਪਿਆਰ ਬਹੁਤ ਚੰਗਾ ਲੱਗਿਆ

ਬਰੈਂਪਟਨ, 8 ਅਗਸਤ (ਗੁਰਪ੍ਰੀਤ ਪੁਰਬਾ): GT20 ਵਿੱਚ ਪਲੇ ਆਫ ਮੈਚ ਸੁਰੂ ਹੋਣ ਤੋਂ ਪਹਿਲਾਂ ਕੁਝ ਖਿਡਾਰੀਆਂ ਨਾਲ ਮੀਡੀਆ ਦੀ ਖਾਸ ਮੁਲਾਕਾਤ ਰੱਖੀ ਗਈ। ਇਸ ਵਿੱਚ ਸ਼ਿਰਫੇਨ ਰਦਰਫੋਰਡ, ਨੈਕ ਹੌਬਸਨ ਅਤੇ ਇਫਤਿਖਾਰ ਅਹਿਮਦ ਨੇ ਹਿੱਸਾ ਲਿਆ। ਖਬਰਸਾਰ ਰੇਡੀਓ ਅਤੇ ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਗੁਰਪ੍ਰੀਤ ਪੁਰਬਾ ਵੀ ਇਸ ਵਿੱਚ ਸ਼ਾਮਿਲ ਹੋਏ। ...ਬਾਕੀ ਪੰਨਾ 2 'ਤੇ



*ਸ਼ਿਰਫੇਨ ਰਦਰਫੋਰਡ, ਨੈਕ ਹੌਬਸਨ ਅਤੇ ਇਫਤਿਖਾਰ ਅਹਿਮਦ ਮੀਡੀਆ ਨਾਲ ਗੱਲਬਾਤ ਦੌਰਾਨ।*

## ਪੈਰਿਸ ਓਲੰਪਿਕ: ਨੀਰਜ ਚੋਪੜਾ ਨੇ ਚਾਂਦੀ ਦਾ ਤਗਮਾ ਜਿੱਤਿਆ

### ਸੋਨੇ ਦਾ ਮੈਡਲ ਪਾਕਿਸਤਾਨ ਦੇ ਅਰਸ਼ਦ ਨਦੀਮ ਦੇ ਨਾਮ




ਪੈਰਿਸ, 8 ਅਗਸਤ (ਪੋਸਟ ਬਿਊਰੋ): ਨੀਰਜ ਚੋਪੜਾ ਨੇ ਪੈਰਿਸ ਓਲੰਪਿਕ ਦੇ ਜੈਵਲਿਨ ਥ੍ਰੋਅ ਮੁਕਾਬਲੇ ਵਿੱਚ ਭਾਰਤ ਲਈ ਚਾਂਦੀ ਦਾ ਤਗਮਾ ਜਿੱਤਿਆ ਹੈ। 26 ਸਾਲਾ ਨੀਰਜ ਨੇ 89.45 ਮੀਟਰ ਜੈਵਲਿਨ ਸੁੱਟ ਕੇ ਦੂਜਾ ਸਥਾਨ ਹਾਸਿਲ ਕੀਤਾ। ਇਸ ਦੇ ਨਾਲ ਹੀ ਨੀਰਜ ਲਗਾਤਾਰ ਦੋ ਓਲੰਪਿਕ ਵਿੱਚ ਤਮਗਾ ਜਿੱਤਣ ਵਾਲੇ ਤੀਜੇ ਭਾਰਤੀ ਖਿਡਾਰੀ ਬਣ ਗਏ ਹਨ। ਨੀਰਜ ਤੋਂ ਪਹਿਲਾਂ ਪਹਿਲਵਾਨ ਸੁਸ਼ੀਲ ਕੁਮਾਰ ਅਤੇ ਸ਼ਟਲਰ ਪੀਵੀ ਸਿੰਧੂ ਨੇ ਲਗਾਤਾਰ ਦੋ ਓਲੰਪਿਕ ਵਿੱਚ ਤਗਮੇ ਜਿੱਤੇ ਸਨ।

ਪਾਕਿਸਤਾਨ ਦੇ ਅਰਸ਼ਦ ਨਦੀਮ ਨੇ ਜੈਵਲਿਨ ਥ੍ਰੋਅ ਵਿੱਚ ਸੋਨ ਤਗ਼ਮਾ ਜਿੱਤਿਆ। ਉਨ੍ਹਾਂ ਨੇ 92.97 ਮੀਟਰ ਜੈਵਲਿਨ ਸੁੱਟ ਕੇ ਓਲੰਪਿਕ ਰਿਕਾਰਡ ਬਣਾਇਆ। ਅਰਸ਼ਦ ਦੇ 2 ਥ੍ਰੋਅ 90 ਮੀਟਰ ਤੋਂ ਵੱਧ ਸਨ। ਗ੍ਰੇਨਾਡਾ ਦੇ ਐਂਡਰਸਨ ਪੀਟਰਸ ਨੇ 88.54 ਮੀਟਰ ਜੈਵਲਿਨ ਸੁੱਟ ਕੇ ਕਾਂਸੀ ਦਾ ਤਗਮਾ ਜਿੱਤਿਆ।

## ਮੋਟਰਸਾਈਕਲ ਨੇ ਪੁਲਿਸ ਅਧਿਕਾਰੀ ਨੂੰ ਮਾਰੀ ਟੱਕਰ

ਟੋਰਾਂਟੋ, ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਬੁੱਧਵਾਰ ਸ਼ਾਮ ਲੇਕ ਰੌਲਾ ਬੁਲੇਵਾਰਡ ਵੇਸਟ 'ਤੇ ਇੱਕ ਮੋਟਰਸਾਈਕਲ ਸਵਾਰ ਨੇ ਇੱਕ ਅਧਿਕਾਰੀ ਨੂੰ ਟੱਕਰ ਮਾਰ ਦਿੱਤੀ। ਇਹ ਘਟਨਾ ਨਿਊ ਬਰੰਸਵਿਕ ਵੇਅ ਕੋਲ, ਬੁਡਵਾਇਜ਼ਰ ਸਟੇਜ ਦੇ ਉੱਤਰ ਵਿੱਚ, ਸ਼ਾਮ 7:17 ਵਜੇ ਹੋਈ। ਪੁਲਿਸ ਨੇ ਕਿਹਾ ਕਿ ਡਰਾਈਵਰ, ਜਿਸਨੂੰ ਇੱਕ ਗੋਰਾ ਵਿਅਕਤੀ ਦੱਸਿਆ ਗਿਆ ਹੈ, ਇੱਕ ਸਫੇਦ, ਲਾਲ ਅਤੇ ਸਿਲਵਰ ਰੰਗ ਦੀ ਡੁਕਾਟੀ 'ਤੇ ਸਵਾਰ ਹੋ ਕੇ ਭੱਜ ਗਿਆ, ਜਿਸਦਾ ਸਾਈਡ ਮਿਰਰ ਗਾਇਬ ਸੀ। ਪੁਲਿਸ ਨੇ ਕਿਹਾ ਕਿ ਅਧਿਕਾਰੀ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

THE WORLD IS COMING!
25 JUL – 11 AUG
GT20 Season 4
Special Daily Coverage
by Gurpreet Purba
@1350AM Radio Khabarsar


Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598



# ਪੈਰਿਸ ਓਲੰਪਿਕ: ਭਾਰਤ ਨੂੰ ਮਿਲਿਆ ਚੌਥਾ ਤਮਗਾ, ਭਾਰਤੀ ਹਾਕੀ ਟੀਮ ਨੇ ਸਪੇਨ ਨੂੰ 2-1 ਨਾਲ ਹਰਾਇਆ, ਕਾਂਸੀ ਦੇ ਤਗਮੇ 'ਤੇ ਕੀਤਾ ਕਬਜ਼ਾ

## ਕਪਤਾਨ ਹਰਮਨਪ੍ਰੀਤ ਨੇ ਕੀਤੇ 2 ਗੋਲ

ਪੈਰਿਸ, 8 ਅਗਸਤ (ਪੋਸਟ ਬਿਊਰੋ): ਓਲੰਪਿਕ 'ਚ ਭਾਰਤ ਨੇ ਚੌਥਾ ਤਮਗਾ ਜਿੱਤਿਆ ਹੈ। ਟੀਮ ਇੰਡੀਆ ਨੇ ਕਾਂਸੀ ਦੇ ਤਗਮੇ ਦੇ ਮੁਕਾਬਲੇ ਵਿੱਚ ਸਪੇਨ ਨੂੰ 2-1 ਨਾਲ ਹਰਾਇਆ।

ਭਾਰਤੀ ਕਪਤਾਨ ਹਰਮਨਪ੍ਰੀਤ ਸਿੰਘ ਨੇ ਦੋ ਗੋਲ ਕੀਤੇ। ਕਪਤਾਨ ਹਰਮਨਪ੍ਰੀਤ ਸਿੰਘ ਨੇ 33ਵੇਂ ਮਿੰਟ ਵਿੱਚ ਪੈਨਲਟੀ ਕਾਰਨਰ 'ਤੇ ਗੋਲ ਕੀਤਾ। ਉਨ੍ਹਾਂ ਨੇ 30ਵੇਂ ਮਿੰਟ 'ਤੇ ਪੈਨਲਟੀ 'ਤੇ ਵੀ ਗੋਲ ਕੀਤਾ। ਅੱਧੇ ਸਮੇਂ ਤੱਕ ਸਕੋਰ 1-1 ਨਾਲ ਬਰਾਬਰ ਰਿਹਾ। ਸਪੇਨ ਲਈ ਇਕਮਾਤਰ ਗੋਲ ਮਾਰਕ ਮਿਰਾਲੇਸ ਪੋਰਟਿਲੋ ਨੇ 18ਵੇਂ ਮਿੰਟ 'ਚ ਪੈਨਲਟੀ ਸਟ੍ਰੋਕ 'ਤੇ ਕੀਤਾ।




## ਅੱਜ ਨਾਮਾ

ਰੌਲਾ ਪਿਆ ਵਾਹਵਾ ਫਿਰ ਕਾਲੋਨੀਆਂ ਦਾ,
ਕਿਹੜੀ ਗਲਤ ਤੇ ਕਿਹੜੀ ਹੈ ਠੀਕ ਬੇਲੀ।
ਕਿਸ ਦੇ ਕੋਲ ਮਨਜ਼ੂਰੀ ਦਾ ਨਹੀਂ ਕਾਗਜ਼,
ਹੋਇਆ ਸਾਰਾ ਹੀ ਭੇਦ ਇਹ ਲੀਕ ਬੇਲੀ।
ਸਾਲ ਕਾਗਜ਼ਾਂ ਵਿੱਚ ਕਿਸੇ ਬਦਲ ਧਰਿਆ,
ਕਿਸੇ ਨੇ ਦਿੱਤੀ ਇਹ ਬਦਲ ਤਰੀਕ ਬੇਲੀ।
ਜਿਹੜੇ ਪੇਸ਼ ਕੋਈ ਕਾਗਜ਼ ਸੀ ਗਏ ਕੀਤੇ,
ਕਿਧਰੇ ਹੁੰਦਾ ਨਹੀਂ ਕੋਈ ਤਸਦੀਕ ਬੇਲੀ।
ਮਾਇਆ ਭੈੜੀ ਕਰਵਾਏ ਕਈ ਕੰਮ ਮਾੜੇ,
ਖੁੱਲ੍ਹ ਰਿਹਾ ਇੱਕ ਪਿੱਛੋਂ ਦੂਜਾ ਭੇਦ ਬੇਲੀ।
ਚੱਲ ਪਈ ਜਾਂਚ, ਪੁਆੜੇ ਨੇ ਪਏ ਫਿਰਦੇ,
ਰਿਹਾ ਕੋਈ ਅੰਦਰਲੀ ਗੱਲ ਕੁਰੇਦ ਬੇਲੀ।

**ਤੀਸ ਮਾਰ ਖਾਂ**

## GT20: ਪਲੇ ਆਫ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਖਿਡਾਰੀਆਂ ਨੇ ਮੀਡੀਆ ਨਾਲ ਕੀਤੀ ਮੁਲਾਕਾਤ

ਪੰਨਾ 1 ਦਾ ਬਾਕੀ

ਮੁਲਾਕਾਤ ਵਿੱਚ ਇੱਕ ਗੱਲ ਖੁੱਲ੍ਹਕੇ ਸਾਹਮਣੇ ਆਈ ਕਿ ਜੀਟੀ20 ਲੀਗ ਨੂੰ ਹੋਰ ਸਫਲ ਬਣਾਉਣ ਲਈ ਤੇ ਬਾਕੀ ਦੁਨੀਆਂ ਦੀਆਂ ਵੱਡੀਆਂ ਲੀਗਾਂ ਦੇ ਮੁਕਾਬਲੇ ਵਿੱਚ ਖੜ੍ਹਾ ਕਰਨ ਲਈ ਪਿੱਚ ਵਿੱਚ ਸੁਧਾਰ ਦੀ ਲੋੜ ਹੈ। ਖਿਡਾਰੀਆਂ ਨੂੰ ਕੈਨੇਡਾ ਵਿੱਚ ਮੌਸਮ ਅਤੇ ਲੋਕਾਂ ਵੱਲੋਂ ਦਿੱਤਾ ਗਿਆ ਪਿਆਰ ਅਤੇ ਸਤਿਕਾਰ ਬਹੁਤ ਚੰਗਾ ਲੱਗਿਆ ਹੈ। ਸ਼ੁੱਕਰਵਾਰ ਨੂੰ ਪਹਿਲੇ ਕੁਆਲੀਫਾਇਰ ਵਿੱਚ ਬਰੈਂਪਟਨ ਅਤੇ ਮਾਂਟਰੀਅਲ ਦਾ ਮੁਕਾਬਲਾ ਹੋਵੇਗਾ। ਜੇਤੂ ਟੀਮ ਸਿੱਧਾ ਫਾਈਨਲ ਵਿੱਚ ਪਹੁੰਚ ਜਾਵੇਗੀ। ਹਾਰਨ ਵਾਲੀ ਟੀਮ ਐਲਿਮੀਨੇਟਰ ਵਿੱਚੋਂ ਜਿੱਤਣ ਵਾਲੀ ਟੀਮ ਨਾਲ ਭਿੜੇਗੀ। ਐਲਿਮੀਨੇਟਰ ਮੁਕਾਬਲੇ ਵਿੱਚ ਮਿਸੀਸਾਗਾ ਦੀ ਟੀਮ ਟੋਰਾਂਟੋ ਨਾਲ ਖੇਡੇਗੀ।



## ਅੱਤਵਾਦੀ ਹਮਲੇ ਦੇ ਸ਼ੱਕ ਕਾਰਨ ਟੇਲਰ ਸਵਿਫਟ ਦੇ ਵਿਏਨਾ ਸੰਗੀਤ ਪ੍ਰੋਗਰਾਮ ਰੱਦ


ਵਿਏਨਾ, 8 ਅਗਸਤ (ਪੋਸਟ ਬਿਊਰੋ): ਆਈਐੱਸਆਈਐੱਸ ਦੀ ਇੱਕ ਸ਼ੱਕੀ ਅੱਤਵਾਦੀ ਸਾਜਿਸ਼ ਨਾਲ ਜੁੜੇ ਹੋਣ ਕਾਰਨ ਦੋ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਜਿਸ ਬਾਰੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਿੱਚ ਵਿਏਨਾ ਵਿੱਚ ਟੇਲਰ ਸਵਿਫਟ ਦੇ ਅਗਲੇ ਸੰਗੀਤ ਪ੍ਰੋਗਰਾਮਾਂ ਨੂੰ ਨਿਸ਼ਾਨਾ ਬਣਾਉਣਾ ਵੀ ਸ਼ਾਮਿਲ ਹੈ।

ਇਸਦੇ ਨਤੀਜੇ ਵਜੋਂ ਤਿੰਨੇ ਏਰਾਸ ਟੂਰ ਸ਼ੋਅ ਰੱਦ ਕਰ ਦਿੱਤੇ ਗਏ ਹਨ। ਆਯੋਜਕਾਂ ਨੇ ਬੁੱਧਵਾਰ ਨੂੰ ਇਸਦੀ ਪੁਸ਼ਟੀ ਕੀਤੀ।

ਬੈਰਾਕੁਡਾ ਮਿਊਜ਼ਿਕ ਨੇ ਇੰਸਟਾ-ਗਰਾਮ 'ਤੇ ਸਾਂਝਾ ਕੀਤਾ ਕਿ ਅਰਨਸਟ ਹੈਪਲ ਸਟੇਡੀਅਮ ਵਿੱਚ ਇੱਕ ਯੋਜਨਾਬੱਧ ਅੱਤਵਾਦੀ ਹਮਲੇ ਦੀ ਸਰਕਾਰੀ ਅਧਿਕਾਰੀਆਂ ਦੁਆਰਾ ਪੁਸ਼ਟੀ ਤੋਂ ਬਾਅਦ, ਸਾਡੇ ਕੋਲ ਸਾਰਿਆਂ ਦੀ ਸੁਰੱਖਿਆ ਲਈ ਤਿੰਨ ਨਿਰਧਾਰਤ ਸ਼ੋਅ ਰੱਦ ਕਰਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ।

ਸਵਿਫਟ ਨੇ ਵੀਰਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਪ੍ਰੋਗਰਾਮ ਕਰਨੇ ਸਨ। ਆਯੋਜਕਾਂ ਨੇ ਲਿਖਿਆ ਕਿ ਸਾਰੇ ਟਿਕਟ ਧਾਰਕਾਂ ਨੂੰ ਅਗਲੇ 10 ਕਾਰੋਬਾਰੀ ਦਿਨਾਂ ਵਿੱਚ ਉਨ੍ਹਾਂ ਦੇ ਪੈਸੇ ਵਾਪਿਸ ਕਰ ਦਿੱਤੇ ਜਾਣਗੇ।





## ਵਿਅਕਤੀ ਨੂੰ ਪੁਲਿਸ ਅਧਿਕਾਰੀ ਵੱਲੋਂ ਵਿਚਕਾਰਲੀ ਉਂਗਲ ਦਿਖਾਉਣ ਦੇ ਮਾਮਲੇ 'ਚ ਫੋਰਡ ਨੇ ਪੁਲਿਸ ਦਾ ਕੀਤਾ

ਟੋਰਾਂਟੋ, 8 ਅਗਸਤ (ਪੋਸਟ ਬਿਊਰੋ): ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਟੋਰਾਂਟੋ ਦੇ ਇੱਕ ਪੁਲਿਸ ਅਧਿਕਾਰੀ ਦਾ ਬਚਾਅ ਕੀਤਾ ਹੈ, ਜੋ ਇੱਕ ਵੀਡੀਓ ਵਿੱਚ ਇੱਕ ਨਾਗਰਿਕ ਨੂੰ ਵਿਚਕਾਰਲੀ ਉਂਗਲ ਦਿਖਾਉਂਦੇ ਹੋਏ ਕੈਦ ਹੋਇਆ ਸੀ।

ਫੋਰਡ ਨੇ ਬੁੱਧਵਾਰ ਸਵੇਰੇ ਮਿਸੀਸਾਗਾ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਵੀਡੀਓ ਬਾਰੇ ਕਿਹਾ ਕਿ ਆਓ ਅਸੀਂ ਆਪਣੀ ਪੁਲਿਸ ਦਾ ਸਮਰਥਨ ਕਰੀਏ। ਉਨ੍ਹਾਂ ਦਾ ਧੰਨਵਾਦ ਕਰੀਏ, ਬਜਾਏ ਇਸਦੇ ਕਿ ਅਸੀ ਗੂਗਲ ਗਲਾਸ ਖਰੀਦ ਲਈਏ ਅਤੇ ਸਾਡੀ ਪੁਲਿਸ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕਰੀਏ, ਮੈਂ ਇਸਨੂੰ ਹਰਾਸਮੈਂਟ ਕਹਿੰਦਾ ਹਾਂ।

ਇਹ ਵੀਡੀਓ 2 ਅਗਸਤ ਨੂੰ ਮਸ਼ਰੂਫ ਡਿਸਟੀਲਰੀ ਡਿਸਟਰਿਕਟ ਕੋਲ ਬਣਾਇਆ ਗਿਆ ਸੀ ਅਤੇ ਇਸ ਹਫ਼ਤੇ ਸਾਹਮਣੇ ਆਇਆ। ਇਸ ਵਿੱਚ ਦੋ ਅਧਿਕਾਰੀ ਇੱਕ ਕਰੂਜ਼ਰ ਵਿੱਚ ਕੌਫ਼ੀ ਲਿਜਾਂਦੇ ਹੋਏ ਵਿਖਾਈ ਦੇ ਰਹੇ ਹਨ, ਜੋ ਨੋ ਪਾਰਕਿੰਗ ਏਰੀਏ ਵਿੱਚ ਖੜ੍ਹੀ ਹੈ। ਵੀਡੀਓ ਬਣਾਉਣ ਵਾਲਾ ਵਿਅਕਤੀ ਅਧਿਕਾਰੀਆਂ ਨਾਲ ਭਿੜ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਉਨ੍ਹਾਂ ਨੂੰ ਬਾਕੀ ਲੋਕਾਂ ਦੀ ਤਰ੍ਹਾਂ ਹੀ ਇੱਕ ਰੈਗੂਲਰ ਪਾਰਕਿੰਗ ਥਾਂ ਲੱਭਣੀ ਚਾਹੀਦੀ ਹੈ।

ਇਹ ਵੀਡੀਓ 7.5 ਮਿੰਟ ਤੱਕ ਚੱਲਦਾ ਹੈ, ਜਿਸ ਵਿੱਚ ਵਿਅਕਤੀ ਫੁੱਟਪਾਥ ਤੋਂ ਨਿਕਲ ਰਹੇ ਅਧਿਕਾਰੀਆਂ 'ਤੇ ਚੀਕਦਾ ਹੈ ਕਿ ਉਹ ਹਰੀ ਬੱਤੀ 'ਤੇ ਚਲੇ ਜਾਣ। ਕਰੂਜ਼ਰ ਵਿੱਚ ਮੌਜੂਦ ਇੱਕ ਅਧਿਕਾਰੀ ਕਰੂਜ਼ਰ ਦੇ ਰਵਾਨਾ ਹੋਣ ਤੋਂ ਪਹਿਲਾਂ ਆਪਣੀ ਵਿੱਚਕਾਰ ਵਾਲੀ ਉਂਗਲ ਚੁੱਕਦਾ ਹੋਇਆ ਵਿਖਾਈ ਦਿੰਦਾ ਹੈ।

ਵੀਡੀਓ ਰਿਕਾਰਡ ਕਰਨ ਵਾਲੇ ਵਿਅਕਤੀ ਨੇ ਦੱਸਿਆ ਕਿ ਉਹ ਵਿਸ਼ੇਸ਼ ਵੀਡੀਓ ਰਿਕਾਰਡਿੰਗ ਚਸ਼ਮੇ ਦੀ ਵਰਤੋਂ ਕਰ ਰਿਹਾ ਸੀ, ਇਸ ਲਈ ਅਧਿਕਾਰੀਆਂ ਨੂੰ ਪਤਾ ਨਹੀਂ ਚੱਲਿਆ ਕਿ ਉਨ੍ਹਾਂ ਨੂੰ ਰਿਕਾਰਡ ਕੀਤਾ ਜਾ ਰਿਹਾ ਹੈ।



ਬੁੱਧਵਾਰ ਨੂੰ ਬਿਨ੍ਹਾਂ ਕਿਸੇ ਕਾਰਨ ਇਸ ਮਾਮਲੇ ਨੂੰ ਚੁੱਕਦੇ ਹੋਏ, ਫੋਰਡ ਨੇ ਇਸ ਗੁਪਤ ਰਿਕਾਰਡਿੰਗ ਨੂੰ ਕਾਫ਼ੀ ਡਰਾਵਨਾ ਦੱਸਿਆ।

ਇਹ ਲੋਕ ਗੂਗਲ ਗਲਾਸ ਨਾਲ ਘੁੰਮ ਰਹੇ ਹਨ। ਇਹ ਇੱਕ ਚੰਗੀ ਗੱਲ ਹੋ ਸਕਦੀ ਹੈ, ਪਰ ਮੈਨੂੰ ਇਹ ਕਾਫ਼ੀ ਡਰਾਵਨਾ ਲੱਗਦਾ ਹੈ। ਕਲਪਨਾ ਕਰੋ ਕਿ ਕੋਈ ਵਿਅਕਤੀ ਸੜਕ 'ਤੇ ਚਲਦੇ ਹੋਏ ਸਭ ਕੁੱਝ ਵੀਡੀਓ ਵਿੱਚ ਰਿਕਾਰਡ ਕਰ ਰਿਹਾ ਹੈ।


ਉਨ੍ਹਾਂਨੇ ਕਿਹਾ ਕਿ ਉਸ ਵਿਅਕਤੀ ਨੂੰ ਅਧਿਕਾਰੀਆਂ ਨਾਲ ਹੱਥ ਮਿਲਾਉਣਾ ਚਾਹੀਦਾ ਸੀ ਅਤੇ ਉਨ੍ਹਾਂ ਦੇ ਕੰਮ ਲਈ ਉਨ੍ਹਾਂ ਨੂੰ ਕੌਫ਼ੀ ਪਿਲਾਉਣੀ ਚਾਹੀਦੀ ਸੀ।

ਫੋਰਡ ਨੇ ਕਿਹਾ ਕਿ ਉਹ ਪੁਲਿਸ ਦਾ ਸਮਰਥਨ ਕਰਦੇ ਹਨ ਅਤੇ ਉਨ੍ਹਾਂ ਨੇ ਕਿਹਾ ਪੁਲਿਸ ਨੇ ਕੁੱਝ ਵੀ ਗਲਤ ਨਹੀਂ ਕੀਤਾ। ਮੈਂ ਉਨ੍ਹਾਂ ਨੂੰ ਬੇਹੱਦ ਪਿਆਰ ਕਰਦਾ ਹਾਂ।

## ਵਿਨੇਸ਼ ਫੋਗਾਟ ਨੇ ਕੁਸ਼ਤੀ ਤੋਂ ਲਿਆ ਸੰਨਿਆਸ: ਕਿਹਾ- ਕੁਸ਼ਤੀ ਜਿੱਤ ਗਈ, ਮੈਂ ਹਾਰ ਗਈ

ਪੈਰਿਸ, 8 ਅਗਸਤ (ਪੋਸਟ ਬਿਊਰੋ): ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਨੇ ਪੈਰਿਸ ਓਲੰਪਿਕ 'ਚ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਵੀਰਵਾਰ ਸਵੇਰੇ ਐਕਸ 'ਤੇ ਇਕ ਪੋਸਟ ਵਿਚ ਲਿਖਿਆ ਹੈ ਕਿ ਮਾਂ ਕੁਸ਼ਤੀ ਮੇਰੇ ਤੋਂ ਜਿੱਤ ਗਈ, ਮੈਂ ਹਾਰ ਗਈ। ਮੁਆਫ਼ ਕਰਨਾ ਤੁਹਾਡਾ ਸੁਪਨਾ, ਮੇਰੀ ਹਿੰਮਤ ਸਭ ਟੁੱਟ ਚੁੱਕੇ। ਇਸ ਤੋਂ ਜ਼ਿਆਦਾ ਤਾਕਤ ਨਹੀਂ ਰਹੀ ਹੁਣ। ਅਲਵਿਦਾ ਕੁਸ਼ਤੀ 2001-2024, ਤੁਹਾਡੀ ਸਭ ਦੀ ਹਮੇਸ਼ਾ ਰਿਣੀ ਰਹਾਂਗੀ, ਮੁਆਫੀ।

ਦੂਜੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਐਲਾਨ ਕੀਤਾ ਹੈ ਕਿ ਰਾਜ ਸਰਕਾਰ ਵਿਨੇਸ਼ ਨੂੰ ਓਲੰਪਿਕ ਚਾਂਦੀ ਦਾ ਤਗਮਾ ਜਿੱਤਣ ਵਾਲੀ ਖਿਡਾਰਨ ਦੇ ਬਰਾਬਰ ਸਨਮਾਨ ਅਤੇ ਇਨਾਮ ਦੇਵੇਗੀ।




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

**TAX & ACCOUNTING**
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

**ਬਰਾੜ ਗਰਾਜ ਡੋਰ**
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

**SherGill Law Firm**
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਗੁੰਮਰਾਹਕੁੰਨ ਜਾਣਕਾਰੀ ਲਈ ਵੇਸਟਜੈੱਟ 'ਤੇ ਮੁਕੱਦਮਾ ਦਰਜ

ਟੋਰਾਂਟੋ, 8 ਅਗਸਤ (ਪੋਸਟ ਬਿਊਰੋ): ਵੇਸਟਜੈੱਟ ਖਿਲਾਫ ਇੱਕ ਮੁਕੱਦਮਾ ਦਰਜ ਕੀਤਾ ਗਿਆ ਹੈ। ਜਿਸ ਵਿੱਚ ਏਅਰਲਾਈਨ ਨੇ ਮੁਸਾਫਰਾਂ ਨੂੰ ਭੋਜਨ ਅਤੇ ਹੋਟਲ ਵਿੱਚ ਠਹਿਰਣ ਦੀ ਲੋੜ ਹੋਣ 'ਤੇ ਕਿੰਨਾ ਭੁਗਤਾਨ ਕੀਤਾ ਜਾਵੇਗਾ, ਇਸ 'ਤੇ ਕੈਪ ਲਗਾਇਆ ਹੈ, ਜਿਸਨੂੰ ਪੈਸੇਂਜਰ ਰਾਈਟਸ ਗਰੁੱਪ ਨੇ ਗ਼ੈਰਕਾਨੂੰਨੀ ਦੱਸਿਆ ਹੈ।

ਗਰੁੱਪ ਨੇ ਏਅਰਲਾਈਨ ਖਿਲਾਫ ਮੁਆਵਜ਼ੇ ਦੀ ਰਾਸ਼ੀ ਨੂੰ ਲੈ ਕੇ ਮੁਕੱਦਮਾ ਦਰਜ ਕੀਤਾ ਹੈ, ਜੋ ਉਡਾਨ ਵਿੱਚ ਦੇਰੀ ਜਾਂ ਰੱਦ ਹੋਣ ਕਾਰਨ ਭੋਜਨ ਅਤੇ ਹੋਟਲ ਵਿੱਚ ਠਹਿਰਣ ਦੇ ਬਿੱਲ ਨਾਲ ਮੁਸਾਫਰਾਂ ਨੂੰ ਦਿੱਤੀ ਜਾਂਦੀ ਹੈ।

ਏਅਰ ਪੈਸੇਂਜਰ ਰਾਈਟਸ ਦੇ ਪ੍ਰਧਾਨ ਗੈਬਰ ਲੁਕਾਕਸ ਨੇ ਕਿਹਾ ਕਿ



ਅਸੀਂ ਬਸ ਲੋਕਾਂ ਦੀ ਜੇਬ ਵਿੱਚ ਪੈਸਾ ਵਾਪਿਸ ਪਾਉਣਾ ਚਾਹੁੰਦੇ ਹਾਂ, ਜੋ ਮੁਸਾਫਰਾਂ ਦਾ ਹੈ, ਇਹ ਉਹ ਗਰੁੱਪ ਹੈ ਜਿਸਨੇ ਵੇਸਟਜੈੱਟ ਦੀ ਅਦਾਇਗੀ ਨੀਤੀਆਂ ਲਈ ਬ੍ਰਿਟਿਸ਼ ਕੋਲੰਬੀਆ ਵਿੱਚ ਮੁਕੱਦਮਾ ਦਰਜ ਕੀਤਾ ਸੀ।

ਵੇਸਟਜੈੱਟ ਵੈੱਬਸਾਈਟ ਅਨੁਸਾਰ ਗੈਰ-ਕੈਨੇਡੀਅਨ ਡਿਸਟੀਨੇਸ਼ਨ ਲਈ ਪ੍ਰਤੀ ਰਾਤ ਹੋਟਲ ਵਿੱਚ ਠਹਿਰਣ ਲਈ 150 ਡਾਲਰ ਜਾਂ 200 ਡਾਲਰ ਦੀ ਕੈਪ ਹੈ ਅਤੇ ਭੋਜਨ ਖ਼ਰਚ ਲਈ ਪ੍ਰਤੀ ਦਿਨ 45 ਡਾਲਰ ਦੀ ਕੈਪ ਹੈ।

ਗਰੁੱਪ ਦਾ ਕਹਿਣਾ ਹੈ ਕਿ ਇਹ ਕੈਪਸ ਕਾਨੂੰਨ ਦੇ ਵਿਰੁੱਧ ਹਨ। ਲੁਕਾਕਸ ਨੇ ਦੱਸਿਆ, ਕਾਨੂੰਨ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ ਜੋ ਵੇਸਟਜੈੱਟ ਨੂੰ ਮੁਸਾਫਰਾਂ ਦੇ ਭੋਜਨ ਅਤੇ ਹੋਟਲ ਨੂੰ ਪੂਰੀ ਤਰ੍ਹਾਂ ਨਾਲ ਕਵਰ ਨਾ ਕਰਨ ਦਾ ਬਹਾਨਾ ਪ੍ਰਦਾਨ ਕਰੇ, ਜਦੋਂ ਕਿਸੇ ਕਾਰਨ ਉਡਾਨ ਪੂਰੀ ਤਰ੍ਹਾਂ ਨਾਲ ਵਾਹਕ ਦੇ ਕਾਬੂ ਵਿੱਚ ਹੋਵੇ।

ਆਮ ਤੌਰ 'ਤੇ ਜੇਕਰ ਕੋਈ ਉਡਾਨ ਰੱਦ ਹੋ ਜਾਂਦੀ ਹੈ, ਤਾਂ ਏਅਰਲਾਈਨ ਭੋਜਨ ਅਤੇ ਹੋਟਲ ਦੇ ਕਮਰੇ ਲਈ ਵਾਊਚਰ ਪ੍ਰਦਾਨ ਕਰੇਗੀ, ਜਾਂ ਤੁਹਾਨੂੰ ਖੁਦ ਹੀ ਉਨ੍ਹਾਂ ਲਈ ਭੁਗਤਾਨ ਕਰਨਾ ਪੈ ਸਕਦਾ ਹੈ ਅਤੇ ਏਅਰਲਾਈਨ ਵੱਲੋਂ ਬਾਅਦ ਵਿੱਚ ਅਦਾਇਗੀ ਕੀਤੀ ਜਾਵੇਗੀ।

ਮੈਕਗਿਲ ਯੂਨੀਵਰਸਿਟੀ ਦੇ ਵਿਮਾਨਨ ਮਾਹਰ ਜਾਨ ਗਰੇਡੇਕ ਨੇ ਕਿਹਾ ਕਿ ਆਖਰੀ ਮਿੰਟਾਂ ਵਿੱਚ 150 ਡਾਲਰ ਵਿੱਚ ਹੋਟਲ ਲੱਭਣਾ ਬੇਹੱਦ ਮੁਸ਼ਕਿਲ ਹੈ।

ਉਨ੍ਹਾਂ ਨੇ ਕਿਹਾ ਕਿ ਜੁਲਾਈ ਵਿੱਚ, ਜੇਕਰ ਤੁਸੀਂ ਵੈਨਕੂਵਰ ਵਿੱਚ ਸੀ ਤਾਂ ਤੁਹਾਨੂੰ 500 ਡਾਲਰ ਤੋਂ ਘੱਟ ਵਿੱਚ ਹੋਟਲ ਦਾ ਕਮਰਾ ਨਹੀਂ ਮਿਲ ਸਕਦਾ ਸੀ ਅਤੇ ਜੇਕਰ ਤੁਸੀਂ (ਹੋਂਡਾ) ਇੰਡੀ ਰੇਸਿੰਗ ਈਵੇਂਟ ਦੌਰਾਨ ਟੋਰਾਂਟੋ ਵਿਚ ਸੀ, ਤਾਂ ਤੁਹਾਨੂੰ 400 ਡਾਲਰ ਤੋਂ ਘੱਟ ਵਿੱਚ ਹੋਟਲ ਨਹੀਂ ਮਿਲ ਸਕਦਾ ਸੀ। ਇਸ ਲਈ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਸ਼ਹਿਰ ਵਿੱਚ ਹੋ।

ਮੁਕੱਦਮੇ ਵਿੱਚ ਪੈਸੇਂਜਰ ਰਾਈਟਸ ਗਰੁੱਪ ਨੇ ਵੇਸਟਜੈੱਟ ਨੂੰ ਆਪਣੀ ਵੈੱਬਸਾਈਟ ਤੋਂ ਕੈਪ ਦੀ ਜਾਣਕਾਰੀ ਹਟਾਉਣ ਦੀ ਮੰਗ ਕੀਤੀ ਹੈ।










ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com







## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ -ਪਲੜਾ ਕਿਸ ਦਾ ਭਾਰਾ -ਟਰੰਪ ਜਾਂ ਕਮਲਾ

–ਸੁਰਜੀਤ ਸਿੰਘ ਫਲੋਰਾ–



ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਚਾਰ ਕੁ ਮਹੀਨਿਆਂ ਬਾਅਦ ਹੋਣਗੀਆਂ ਹਨ ਜਿਨ੍ਹਾਂ ’ਤੇ ਇਸ ਸਮੇਂ ਸਾਰੀ ਦੁਨੀਆ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ। ਕਮਲਾ ਹੈਰਿਸ ਜਾਂ ਡੋਨਾਲਡ ਟਰੰਪ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਹੋਣਗੇ। ਜੋਅ ਬਾਇਡਨ ਦੇ ਦੌੜ ਤੋਂ ਬਾਹਰ ਨਾ ਹੋਣ ਤੱਕ ਇਹ ਲੱਗਦਾ ਸੀ ਕਿ ਉਹ ਅਗਲੇ ਅਮਰੀਕੀ ਰਾਸ਼ਟਰਪਤੀ ਬਣ ਸਕਦੇ ਸਨ। ਕੁਝ ਸਿਆਸੀ ਪੰਡਿਤਾਂ ਨੂੰ ਲੱਗਦਾ ਹੈ ਕਿ ਡੈਮੋਕ੍ਰੈਟਸ ਨੇ ਬਾਇਡਨ ਨੂੰ ਪਰੇ ਕਰਨ ਵਿਚ ਬਹੁਤ ਦੇਰ ਕਰ ਦਿੱਤੀ ਹੈ ਜਿਸ ਕਾਰਨ ਰਿਪਬਲਿਕਨ ਆਪਣੇ ਸਰੋਤਾਂ ਨੂੰ ਗ਼ਲਤ ਟੀਚੇ ’ਤੇ ਕੇਂਦਰਿਤ ਕਰ ਕੇ ਲੋਕਾਂ ਨੂੰ ਗੁਮਰਾਹ ਕਰ ਸਕਦੇ ਹਨ ਤੇ ਇਸ ਤੋਂ ਫ਼ਾਇਦਾ ਉਠਾ ਸਕਦੇ ਹਨ। ਜੋਅ ਬਾਇਡਨ ਦਾ ਪਰਛਾਵਾਂ ਕਮਲਾ ਦੀਆਂ ਮੁਹਿੰਮਾਂ ਦੇ ਰੂਪ ਵਿਚ ਵੱਡਾ ਹੋਵੇਗਾ। ਉਹ ਉਸ ਤੇ ਉਸ ਦੇ ਨੈੱਟਵਰਕ ਵਲੋਂ ਕੀਤੇ ਕੰਮਾਂ ਦੀ ਜਵਾਬਦੇਹ ਹੋਵੇਗੀ ਕਿਉਂਕਿ ਉਹ ਉਸ ਦੀ ਉਪ ਰਾਸ਼ਟਰਪਤੀ ਹੈ ਤੇ ਹੁਣ ਰਾਸ਼ਟਰਪਤੀ ਦੀ ਕੁਰਸੀ ਲਈ ਅੱਗੇ ਆਵੇਗੀ।

ਇਹ ਵੀ ਸੱਚ ਹੈ ਕਿ ਹੈਰਿਸ ਲਈ ਪੈਸਿਆਂ ਦੇ ਖ਼ਜ਼ਾਨੇ ਖੁੱਲ੍ਹ ਗਏ ਹਨ। ਵੱਡਾ ਸਵਾਲ ਇਹ ਹੈ ਕਿ ਕੀ ਉਸ ਕੋਲ ਉਹ ਹੈ ਜੋ ਜਿੱਤਣ ਲਈ ਚਾਹੀਦਾ ਹੈ? ਕੀ ਉਹ ਬਾਇਡਨ ਦੇ ਸਾਏ ਤੋਂ ਬਾਹਰ ਨਿਕਲ ਸਕਦੀ ਹੈ? ਉਹ ਸੈਨੇਟਰ, ਪ੍ਰੌਸੀਕਿਊਟਰ ਅਤੇ ਉਪ ਰਾਸ਼ਟਰਪਤੀ ਰਹਿ ਚੁੱਕੀ ਹੈ। ਉਸ ਦਾ ਪਿਛੋਕੜ ਇਕ ਪਲੱਸ ਪੁਆਇੰਟ ਹੈ। ਉਹ ਏਸ਼ੀਅਨ, ਅਮਰੀਕਨ ਅਤੇ ਕਾਲੇ ਭਾਈਚਾਰੇ ਨਾਲ ਸਬੰਧ ਰੱਖਦੀ ਹੈ। ਇਹ ਸਪਸ਼ਟ ਨਹੀਂ ਹੈ ਕਿ ਓਬਾਮਾ ਦੇ ਕੇਸ ਵਾਂਗ ਉਸ ਦਾ ਸਿਆਹਪਣ ਕੀ ਭਾਰੂ ਹੈ ਜਾਂ ਉਸ ਦਾ ਵਿਭਿੰਨ ਪਿਛੋਕੜ ਵੋਟਰਾਂ ਨੂੰ ਆਕਰਸ਼ਤ ਕਰੇਗਾ? ਉਸ ਦੀ ਪਛਾਣ ਇਕ ਕਾਰਕ ਹੋ ਸਕਦੀ ਹੈ। ਕਈ ਸਵਾਲ ਹਨ ਜਿਵੇਂ ਕੀ ਅਮਰੀਕਾ ਨੂੰ ਮਿਲੇਗੀ ਪਹਿਲੀ ਕਾਲੀ ਮਹਿਲਾ ਰਾਸ਼ਟਰਪਤੀ? ਕੀ ਉਹ ਉੱਥੇ ਸਫਲ ਹੋਵੇਗੀ ਜਿੱਥੇ ਇਕ ਗੋਰੀ ਔਰਤ ਹਿਲੇਰੀ ਕਲਿੰਟਨ ਅਸਫਲ ਰਹੀ? ਮੈਨੂੰ ਲੱਗਦਾ ਹੈ ਕਿ ਇਹ ਕੰਮ ਔਖਾ ਹੋਵੇਗਾ ਪਰ ਨਾਮੁਮਕਿਨ ਨਹੀਂ। ਜੇ ਸਿਆਹਫਾਮ ਓਬਾਮਾ ਰਾਸ਼ਟਰਪਤੀ ਬਣ ਸਕਦਾ ਹੈ ਤਾਂ ਕਮਲਾ ਹੈਰਿਸ ਕਿਉਂ ਨਹੀਂ? ਇਕ ਸਮਾਂ ਸੀ ਜਦੋਂ ਅਮਰੀਕਾ ਵਿਚ ਨਸਲੀ ਵਿਤਕਰਾ ਅਤੇ ਦਾਸ ਪ੍ਰਥਾ ਚਰਮ ਸੀਮਾ ’ਤੇ ਸਨ। ਸਿਆਹਫਾਮ ਲੋਕਾਂ ਨੂੰ ਵੋਟ ਦਾ ਅਧਿਕਾਰ ਲੈਣ ਲਈ ਲੰਬਾ ਸੰਘਰਸ਼ ਕਰਨਾ ਪਿਆ ਸੀ। ਇੱਥੋਂ ਤੱਕ ਕਿ ਜਦੋਂ ਬਰਾਕ ਓਬਾਮਾ ਰਾਸ਼ਟਰਪਤੀ ਦੀ ਦੌੜ ਵਿਚ ਸਨ ਤਾਂ ਇਕ ਗੋਰੀ ਨੋਬੇਲ ਇਨਾਮ ਜੇਤੂ ਨੇ ਜਨਤਕ ਤੌਰ ’ਤੇ ਕਹਿ ਦਿੱਤਾ ਸੀ ਕਿ ਜੇ ਉਹ ਜਿੱਤਦੇ ਹਨ ਤਾਂ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਓਬਾਮਾ ਹਾਰਵਰਡ, ਇਕ ਕੁਲੀਨ ਯੂਨੀਵਰਸਿਟੀ ਵਿੱਚੋਂ ਪੜ੍ਹਿਆ ਹੋਇਆ ਹੈ ਤੇ ਰਾਸ਼ਟਰਪਤੀ ਦੀ ਚੋਣ ਮੁਹਿੰਮ ਦੌਰਾਨ ਉਸ ਦੀ ਪੜ੍ਹਾਈ-ਲਿਖਾਈ ਉਸ ਲਈ ਫ਼ਾਇਦੇਮੰਦ ਸਾਬਿਤ ਹੋਈ ਸੀ। ਕਮਲਾ ’ਤੇ ਬੇਔਲਾਦ ਹੋਣ ਦਾ ਦੋਸ਼ ਲਗਾਇਆ ਜਾ ਰਿਹਾ ਹੈ ਪਰ ਉਸ ਦੇ ਮਤਰੇਏ ਬੱਚੇ ਹਨ। ਕਮਲਾ ਹੈਰਿਸ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਸਿਆਸੀ ਤਜਰਬਾ ਹੈ। ਡੋਨਾਲਡ ਟਰੰਪ ’ਤੇ ਹਮਲਾ ਕਰਨ ਲਈ ਉਸ ਦੇ ਵਕੀਲ ਦੀ ਪਿੱਠਭੂਮੀ ਦੀ ਵਰਤੋਂ ਕੀਤੀ ਜਾ ਰਹੀ ਹੈ। ਕੀ ਵੋਟਰ ਇਸ ਨੂੰ ਹਾਸੋਹੀਣੀ ਸਮਝਣਗੇ ਜਾਂ ਇਸ ਨੂੰ ਗੰਭੀਰਤਾ ਨਾਲ ਲੈਣਗੇ? ਪਿਛਲੇ ਕਾਰਜਕਾਲ ਦੌਰਾਨ ਨਰਮ ਵਿਦੇਸ਼ ਨੀਤੀ ਟਰੰਪ ਦੀ ਕਮਜ਼ੋਰੀ ਸਿੱਧ ਹੋ ਸਕਦੀ ਹੈ।

ਅਫ਼ਗਾਨਿਸਤਾਨ ਤੋਂ ਅਮਰੀਕਾ ਦੀ ਵਾਪਸੀ, ਯੂਕਰੇਨ ਵਿਚ ਜੰਗ ਅਤੇ ਹੋਰ ਗਰਮਾ-ਗਰਮ ਮੁੱਦਿਆਂ ’ਤੇ ਰਿਪਬਲਿਕਨਾਂ ਨੂੰ ਪੂਰੀ ਤਿਆਰੀ ਨਾਲ ਆਉਣਾ ਹੋਵੇਗਾ। ਟਰੰਪ ਦਾ ਠੋਸ ਸਿਆਸੀ ਆਧਾਰ ਉਸ ਦੀ ਸਭ ਤੋਂ ਵੱਡੀ ਸੰਪਤੀ ਹੈ। ਰਾਸ਼ਟਰਵਾਦ ਦੇ ਨਾਲ ਉਸ ਦਾ ਲਗਾਅ ਜ਼ਿਆਦਾ ਹੈ। ਫਿਰ ਵੀ ਤੌਖਲਾ ਇਹ ਹੈ ਕਿ ਟਰੰਪ ਨੂੰ ਵਿਸ਼ਵਾਸ ਦਿਵਾਉਣ ਵਾਲੇ ਈਵੈਂਜਲੀਕਲਜ਼ ਕਿਵੇਂ ਵੋਟ ਪਾਉਣਗੇ? ਦੇਖਿਆ ਜਾਵੇ ਤਾਂ ਟਰੰਪ ਨੂੰ ਪ੍ਰਚਾਰ ਕਰਨਾ ਆਉਂਦਾ ਹੈ। ਉਹ ਨਸਲੀ ਮੁੱਦੇ ਉਭਾਰ ਕੇ ਇਕ ਵਰਗ ਵਿਸ਼ੇਸ਼ ਨੂੰ ਭਰਮਾਉਣਾ ਜਾਣਦਾ ਹੈ। ਉਸ ਦੇ ਹਮਾਇਤੀ ਸਮਝਦੇ ਹਨ ਕਿ ਟਰੰਪ ’ਚ ਰਾਸ਼ਟਰਵਾਦ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਹ ਅਮਰੀਕਾ ਦੀ ਕਮਾਨ ਸੰਭਾਲ ਚੁੱਕੇ ਹਨ। ਇਸ ਦਾ ਵੀ ਉਨ੍ਹਾਂ ਨੂੰ ਕਾਫ਼ੀ ਲਾਹਾ ਮਿਲਣ ਦੀ ਸੰਭਾਵਨਾ ਹੈ। ਭਾਵੇਂ ਟਰੰਪ ਦੀ ਕਈ ਕਾਰਨਾਂ ਕਰ ਕੇ ਨੁਕਤਾਚੀਨੀ ਕੀਤੀ ਜਾ ਰਹੀ ਹੈ ਤਾਂ ਵੀ ਉਹ ਵੋਟਰਾਂ ਵਿਚ ਕਾਫ਼ੀ ਪਸੰਦ ਕੀਤੇ ਜਾ ਰਹੇ ਹਨ। ਟਰੰਪ ’ਤੇ ਹੋਇਆ ਜਾਨਲੇਵਾ ਹਮਲਾ ਉਸ ਨੂੰ ਸਿਆਸੀ ਲਾਹਾ ਦੇਵੇਗਾ। ਕਮਲਾ ਦੇ ਅਦਾਲਤੀ ਕੇਸਾਂ ਦਾ ਹਵਾਲਾ ਉਸ ਦੇ ਦੁੱਖ ਨੂੰ ਘਟਾਉਣ ਵਜੋਂ ਦੇਖਿਆ ਜਾ ਸਕਦਾ ਹੈ ਅਤੇ ਉਲਟਾ ਵੀ ਹੋ ਸਕਦਾ ਹੈ। ਅਮਰੀਕੀਆਂ ਨੂੰ ਟਰੰਪ ਬਾਰੇ ਯਾਦ ਹੈ ਅਤੇ ਇਹ ਇਕ ਸਿਆਸੀ ਸੰਜੀਵਨੀ ਹੋ ਸਕਦੀ ਹੈ। ਉਸ ਦੀ ਹੋਰ ਤਾਕਤ ਇਹ ਹੈ ਕਿ ਉਹ ਕੁਝ ਵੀ ਕਹਿ ਸਕਦਾ ਹੈ। ਪੋਲ ਦੋਵਾਂ ਵਿਚਕਾਰ ਤਕਰੀਬਨ ਉੱਨੀ-ਇੱਕੀ ਵਾਲੇ ਹੀ ਹਨ। ਸਵਾਲ ਉੱਠਦਾ ਹੈ ਕਿ ਕੀ ਕਮਲਾ ਦਾ ਅਮਰੀਕਾ ਦੇ ਲੋਕਾਂ ’ਤੇ ਜਾਦੂ ਚੱਲੇਗਾ? ਮੈਂ ਚਾਹਾਂਗਾ ਕਿ ਉਹ ਗੇਵਿਨ ਨਿਊਜ਼ਮ ਨੂੰ ਰਨਿੰਗ ਸਾਥੀ ਵਜੋਂ ਚੁਣੇ। ਉਸ ਦਾ ਟਰੰਪ ਨਾਲ ਦਿਲਚਸਪ ਸਬੰਧ ਹੈ।

ਹੈਰਿਸ ਨੂੰ ਉਸ ਦੀ ਤਾਰੀਫ਼ ਕਰਨੀ ਚਾਹੀਦੀ ਹੈ ਜਿਵੇਂ ਜੋਅ ਬਾਇਡਨ ਨੇ ਓਬਾਮਾ ਦੀ ਤਾਰੀਫ਼ ਕੀਤੀ ਸੀ। ਕੀ ਰਿਪਬਲਿਕਨ ਪੱਛੜੇ ਹੋਏ ਰਾਜਾਂ ਨੂੰ ਹੋਰ ਹੇਠਾਂ ਲਿਆਉਣਗੇ ਜਿਨ੍ਹਾਂ ਵਿੱਚੋਂ 18 ਨੇ 1992 ਤੋਂ 2012 ਤੱਕ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੈਟਿਕ ਪਾਰਟੀ ਨੂੰ ਵੋਟਾਂ ਪਾਈਆਂ ਸਨ? ਟਰੰਪ, ਜੇਡੀ ਵੇਂਸ ਨੂੰ ਰਨਿੰਗ ਸਾਥੀ ਵਜੋਂ ਚੁਣ ਕੇ ਵੱਡਾ ਦਾਅ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਮਲਾ ਦੇ ਨਸਲੀ ਪਿਛੋਕੜ ਵਿਚ ਇਕ ਦਿਲਚਸਪ ਮੋੜ ਹੈ। ਉਸ ਦਾ ਏਸ਼ੀਅਨ ਪਿਛੋਕੜ ਹੈ। ਜੇਡੀ ਵੇਂਸ, ਟਰੰਪ ਦੇ ਚੱਲ ਰਹੇ ਸਾਥੀ ਦੀ ਇਕ ਏਸ਼ੀਅਨ ਪਤਨੀ ਹੈ ਜੋ ਟਰੰਪ ਨੂੰ ਫ਼ਾਇਦਾ ਪਹੁੰਚਾ ਸਕਦੀ ਹੈ। ਜਿਸ ਗੱਲ ’ਤੇ ਅਸੀਂ ਵਿਵਾਦ ਨਹੀਂ ਕਰ ਸਕਦੇ ਉਹ ਇਹ ਹੈ ਕਿ ਚੋਣਾਂ ਮਹਿੰਗੀਆਂ ਅਤੇ ਮਨੋਰੰਜਕ ਹੋਣਗੀਆਂ। ਕੀ ਸਾਨੂੰ ਪਰਵਾਹ ਕਰਨੀ ਚਾਹੀਦੀ ਹੈ ਕਿ ਕੌਣ ਜਿੱਤਦਾ ਹੈ? ਰਿਪਬਲਿਕਨ ਅਤੇ ਡੈਮੋਕ੍ਰੈਟਸ, ਦੋਵਾਂ ਦੀਆਂ ਪੂਰੀ ਦੁਨੀਆ ਪ੍ਰਤੀ ਵੱਖੋ-ਵੱਖਰੀਆਂ ਨੀਤੀਆਂ ਹਨ। ਕੁਝ ਚੰਗੀਆਂ ਹਨ ਅਤੇ ਕੁਝ ਨਹੀਂ। ਇਮੀਗ੍ਰੇਸ਼ਨ , ਇਕ ਗਰਮ ਮੁੱਦਾ ਹੈ ਅਤੇ ਅਮਰੀਕਾ ਵਿਚ ਰਹਿਣ ਵਾਲੇ ਦੁਨੀਆ ਭਰ ਦੇ ਲੋਕਾਂ ਦੀ ਗਿਣਤੀ ਬਾਰੇ ਸੋਚੋ। ਟਰੰਪ ਨੇ ਮੰਗਲਵਾਰ ਨੂੰ ਮਿਸ਼ੀਗਨ ਵਿਚ ਇਕ ਭਾਸ਼ਣ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ’ਤੇ ਆਏ ਪਰਵਾਸੀਆਂ ਨੂੰ “ਜਾਨਵਰ” ਅਤੇ “ਇਨਸਾਨ ਨਹੀਂ” ਹੋਣ ਦਾ ਫ਼ਤਵਾ ਦਿੱਤਾ ਹੈ। ਇਹ ਸਭ ਭੱਦੇ ਲਫ਼ਜ਼ ਸੁਣ ਕੇ ਕੀ ਇੰਮੀਗ੍ਰਾਂਟ ਟਰੰਪ ਨੂੰ ਵੋਟ ਦੇਣਗੇ? ਹਰਗਿਜ਼ ਨਹੀਂ। ਇਸ ਦੇ ਮੱਦੇਨਜ਼ਰ ਅਮਰੀਕਾ ਦੀਆਂ ਆਗਾਮੀ ਚੋਣਾਂ ਬਾਰੇ ਕੁਝ ਕਿਆਸਅਰਾਈਆਂ ਤਾਂ ਸਾਫ਼ ਹੋ ਜਾਂਦੀਆਂ ਹਨ ਕਿ ਆ ਰਹੇ ਸਮੇਂ ਵਿਚ ਪਲੜਾ ਕਿਸ ਦਾ ਭਾਰਾ ਹੋਣ ਦੀ ਸੰਭਾਵਨਾ ਹੈ।

# ਸਾਈਕਲਿੰਗ ਅਤੇ ਸਿਹਤ

ਪ੍ਰੋ. ਕੁਲਬੀਰ ਸਿੰਘ



ਬਚਪਨ ਵਿਚ ਐਨਾ ਸਾਈਕਲ ਚਲਾਇਆ, ਐਨਾ ਸਾਈਕਲ ਭਜਾਇਆ ਕਿ ਮਨ ਅੱਕ-ਥੱਕ ਗਿਆ। ਫਿਰ ਕਦੇ ਨਾ ਸਾਈਕਲ ਚਲਾਇਆ, ਨਾ ਚਲਾਉਣ ਦੀ ਚਾਹ ਰਹੀ। ਦਹਾਕਿਆਂ ਦੇ ਦਹਾਕੇ ਬੀਤ ਗਏ।

ਸੈਰ-ਕਸਰਤ-ਯੋਗਾ ਮੈਨੂੰ ਲੱਗਦਾ ਏਨਾ ਤਸੱਲੀਬਖਸ਼ ਹੈ। ਸਰੀਰਕ ਸਰਗਰਮੀ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਪਰ ਰਿਟਾਇਰਮੈਂਟ ਬਾਅਦ ਉਮਰ ਦੇ ਇਸ ਪੜ੍ਹਾ ਤੇ ਸਾਈਕਲਿੰਗ ਦਾ ਸ਼ੌਕ ਜਾਗ ਪਿਆ ਹੈ। ਮੈਂ ਅਕਸਰ ਪੜ੍ਹਦਾ ਹਾਂ ਕਿ ਜ਼ਿੰਦਗੀ ਵਿਚ ਹਮੇਸ਼ਾ ਕੁਝ ਨਾ ਕੁਝ ਨਵਾਂ ਸਿੱਖਦੇ ਰਹੋ। ਨਵੀਆਂ ਕਸਰਤਾਂ, ਨਵੇਂ ਸਿਹਤ-ਗੁਰ ਅਪਣਾਉਂਦੇ ਰਹੋ।

ਫਿਰ ਜਦ ਸਾਈਕਲਿੰਗ ਦੇ ਸਿਹਤ-ਫਾਇਦਿਆਂ ਤੇ ਨਜ਼ਰ ਮਾਰੀ ਤਾਂ ਮਨ ਵਿਚ ਆਇਆ ਹੋਰ ਕੀ ਚਾਹੀਦਾ ਹੈ। ਹਿੰਙ ਲੱਗੇ ਨਾ ਫਟਕੜੀ ਰੰਗ ਵੀ ਆਵੇ ਚੋਖਾ। ਇਕ ਤੀਰ ਨਾਲ ਕਈ ਨਿਸ਼ਾਨੇ।

ਐਤਵਾਰ ਨੂੰ ਹੀ ਸਾਈਕਲਾਂ ਵਾਲੇ ਬਜ਼ਾਰ ਜਾ ਪੁੱਜਾ। ਇਹ ਸੋਚ ਕੇ ਕਿ ਕੋਈ ਨਾ ਕੋਈ ਦੁਕਾਨ ਤਾਂ ਖੁਲ੍ਹੀ ਹੋਵੇਗੀ। ਮੈਂ ਹੈਰਾਨ ਹੋ ਗਿਆ ਕਿ ਸੱਭ ਤੋਂ ਵੱਡੀ ਦੁਕਾਨ ਖੁਲ੍ਹੀ ਸੀ ਅਤੇ ਗਾਹਕ ਵੀ ਵਾਹਵਾ ਸਨ। ਛੁੱਟੀ ਵਾਲਾ ਦਿਨ ਹੋਣ ਕਰਕੇ। ਬਹੁਤੇ ਬੱਚੇ ਸਨ ਆਪਣੇ ਮਾਂ ਬਾਪ ਨਾਲ ਨਵਾਂ ਸਾਈਕਲ ਲੈਣ ਆਏ ਸਨ।

ਦੁਕਾਨ ਮਾਲਕ ਬੜਾ ਚੁਸਤ, ਬੜਾ ਸਿਆਣਾ ਸੀ। ਸਾਰਿਆਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਅਟੈਂਡ ਕਰੀ ਜਾ ਰਿਹਾ ਸੀ। ਕਦੀ ਏਧਰ ਕਦੇ ਓਧਰ। ਸਾਈਕਲ ਵੇਚੀ ਜਾ ਰਿਹਾ ਸੀ। ਗਾਹਕ ਵੀ ਖੁਸ਼ ਮਾਲਕ ਵੀ ਖੁਸ਼। ਦੁਕਾਨ ਵਾਹਵਾ ਵੱਡੀ ਸੀ। ਮਾਲਕ ਵੀ ਦੋ ਤਿੰਨ ਜਾਣੇ ਖੜੇ ਸਨ। ਇਕ ਤਾਂ ਪੈਸੇ ਲੈਣ ਤੇ ਹੀ ਸੀ। ਚਾਰ-ਪੰਜ ਹੈਲਪਰ ਸਨ।

ਮੇਰੇ ਤੋਂ ਮੇਰੀਆਂ ਜ਼ਰੂਰਤਾਂ ਅਤੇ ਪਸੰਦ ਪੁੱਛਣ ਬਾਅਦ ਦੋ ਤਿੰਨ ਸਾਈਕਲ ਵਿਖਾਏ ਜਿਹੜੇ ਆਕਰਸ਼ਕ ਸਨ। ਅੱਠ ਤੋਂ ਦਸ ਹਜ਼ਾਰ ਦੀ ਕੀਮਤ ਵਾਲੇ। ਮੈਨੂੰ ਚੰਗੇ ਲੱਗੇ ਪਰ ਮਨ ਨਹੀਂ ਮੰਨਿਆ। ਚਲਾਵੇਂ ਜਿਹੇ ਸਨ। ਮੇਰੀ ਦੁਬਿਧਾ ਪਛਾਣ ਕੇ ਉਸਨੇ ਇਕ ਟੱਕ ਕਿਹਾ, ਛੱਡੋ ਜੀ ਸੱਭ ਤੁਸੀਂ ਇਹ ਲੈ ਜਾਓ। ਤੁਹਾਡੇ ਲਈ ਇਹ ਸੱਭ ਤੋਂ ਬਿਹਤਰ ਹੈ। ਯਾਦ ਕਰੋਗੇ। ਬਰੈਂਡ ਵੀ ਤੁਹਾਡੀ ਪਸੰਦ ਵਾਂਗ ਵਧੀਆ ਅਤੇ ਕੁਆਲਟੀ ਵੀ। ਆਹ ਮੇਰਾ ਵਿਜ਼ਟਿੰਗ ਕਾਰਡ ਲੈਜੋ। ਸੱਤ ਸਾਲ ਸਾਈਕਲ ਨੂੰ ਕੁਛ ਹੋਜੇ ਇੱਥੇ ਲੈ ਆਇਓ। ਉਹ ਇਕੋ ਸਾਹੇ ਐਨਾ ਕੁਝ ਕਹਿ ਗਿਆ। ਮੈਂ ਸਾਈਕਲ ਵੱਲ ਨਜ਼ਰ ਮਾਰੀ। ਵਧੀਆ ਸੀ। ਇੰਗਲੈਂਡ ਦਾ ਬਰੈਂਡ। ਰੇਲੀ, ਨੌਟਿੰਗਮ-ਇੰਗਲੈਂਡ। ਦਿੱਖ ਵਧੀਆ। ਰੰਗ-ਰੂਪ ਵਧੀਆ। ਹੰਢਣਸਾਰ ਤੇ ਚੱਲਣ ਵਿਚ ਹਲਕਾ-ਛੋਹਲਾ।

ਹੁਣ ਸੈਰ ਤੇ ਸਵਾਰੀ ਦੋਵੇਂ ਕਰਨ ਲੱਗਾ ਹਾਂ। ਸੈਰ ਦੇ ਆਪਣੇ ਫਾਇਦੇ, ਸਾਈਕਲ ਦੇ ਆਪਣੇ ਲਾਭ। ਮੁਢਲੇ ਕੁਝ ਦਿਨ ਲੱਤਾਂ ਬਾਹਾਂ ਦੁਖਦੀਆਂ ਰਹੀਆਂ। ਥਕਾਵਟ ਵੀ ਹੋਈ। ਪਰ ਬਾਅਦ ਵਿਚ ਸੱਭ ਰਵਾਂ ਹੋ ਗਿਆ। ਦਿਮਾਗੀ ਧੁੰਦ ਗਾਇਬ ਹੋ ਗਈ। ਸਾਈਕਲਿੰਗ ਦੇ ਲਾਭ ਨਜ਼ਰ ਆਉਣ ਲੱਗੇ।

ਪੁਰਾਣੇ ਲੋਕ ਖੂਬ ਸਾਈਕਲ ਚਲਾਉਂਦੇ ਸਨ। ਡਾਕਟਰ ਕੋਲ ਬਹੁਤ ਘੱਟ ਜਾਂਦੇ ਸਨ। ਅੱਜ ਵੀ ਸਾਡੇ ਸਮਾਜ ਦਾ ਜਿਹੜਾ ਵਰਗ ਸਾਈਕਲ ਚਲਾਉਂਦਾ ਹੈ ਉਹ ਡਾਕਟਰਾਂ ਤੋਂ ਕਾਫ਼ੀ ਹੱਦ ਤੱਕ ਬਚਿਆ ਹੋਇਆ ਹੈ ਕਿਉਂਕਿ ਰੋਜ਼ਾਨਾ ਸਾਈਕਲ ਚਲਾਉਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਤਣਾਅ ਘੱਟਦਾ ਹੈ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਹੁੰਦਾ ਹੈ। ਫੇਫੜੇ ਮਜ਼ਬੂਤ ਹੁੰਦੇ ਹਨ। ਭਾਰ ਘੱਟਦਾ ਹੈ। ਮਸਲ ਤਾਕਤਵਰ ਅਤੇ ਲਚਕੀਲੇ ਹੁੰਦੇ ਹਨ। ਜੋੜ ਮਜ਼ਬੂਤ ਬਣਦੇ ਹਨ ਅਤੇ ਲਚਕ ਵੱਧਦੀ ਹੈ। ਕੈਂਸਰ ਵਰਗੀਆਂ ਬਿਮਾਰੀਆਂ ਤੋਂ ਕਿਸੇ ਹੱਦ ਤੱਕ ਬਚ ਸਕਦੇ ਹਾਂ। ਦਿਲ ਦੀ ਸਿਹਤ ਸੁਧਰਦੀ ਹੈ। ਸਰੀਰਕ ਤਾਲਮੇਲ ਬਿਹਤਰ ਬਣਦਾ ਹੈ। ਊਰਜ਼ਾ ਵਿਚ ਵਾਧਾ ਹੁੰਦਾ ਹੈ। ਪਿੱਠ ਦਰਦ ਦੂਰ ਹੁੰਦੀ ਹੈ। ਸਰੀਰ ਆਪਣੇ ਅਸਲੀ ਕੁਦਰਤੀ ਆਕਾਰ ਵਿਚ ਆ ਜਾਂਦਾ ਹੈ। ਵਿਅਕਤੀ ਸਰੀਰਕ ਮਾਨਸਿਕ ਤੌਰ ਤੇ ਚੁਸਤ ਰਹਿੰਦਾ ਹੈ। ਗਹਿਰੀ-ਗੂੜ੍ਹੀ ਨੀਂਦ ਆਉਂਦੀ ਹੈ। ਖੂਨ ਦਾ ਦਬਾਅ ਅਤੇ ਦਿਲ ਦੀ ਧੜਕਨ ਠੀਕ ਰਹਿੰਦੀ ਹੈ। ਜਿੰਨਾ ਸਮਾਂ ਤੁਸੀਂ ਸਾਈਕਲ ਚਲਾਉਂਦੇ ਹੋ ਡਿਜ਼ੀਟਲ ਡਿਵਾਈਸਾਂ ਤੋਂ ਬਚੇ ਰਹਿੰਦੇ ਹੋ। ਸਰੀਰ ਦਾ ਪੋਸਚਰ ਠੀਕ ਹੁੰਦਾ ਹੈ। ਮੂਡ-ਮਾਈਂਡ ਠੀਕ ਰਹਿੰਦਾ ਹੈ। ਗੋਡਿਆਂ ਦੀਆਂ ਪ੍ਰੇਸ਼ਾਨੀਆਂ ਘੱਟਦੀਆਂ ਹਨ। ਪੈਰਾਂ, ਗਿੱਟਿਆਂ, ਲੱਕ, ਗਰਦਨ, ਬਾਹਾਂ ਅਤੇ ਹੱਥਾਂ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਪੈਟਰੋਲ-ਡੀਜ਼ਲ ਦੀ ਬਜਾਏ ਕੈਲਰੀਆਂ ਬਲਦੀਆਂ ਹਨ। ਸ਼ੂਗਰ ਦੀ ਬਿਮਾਰੀ ਦਾ ਖਤਰਾ ਘੱਟਦਾ ਹੈ। ਸਰੀਰ ਅੰਦਰ ਨਾੜੀਆਂ ਵਿਚ ਖੂਨ ਦਾ ਵਹਾਅ ਬਿਹਤਰ ਹੁੰਦਾ ਹੈ। ਰੋਜ਼ਾਨਾ 30 ਮਿੰਟ ਜਾਂ ਇਸਤੋਂ ਵੱਧ ਸਾਈਕਲਿੰਗ ਨਾਲ ਸਮੁੱਚੇ ਤੌਰ ਤੇ ਸਰੀਰ ਅਤੇ ਸਿਹਤ ਨੂੰ ਹੈਰਾਨੀਜਨਕ ਫਾਇਦੇ ਪਹੁੰਚਦੇ ਹਨ। ਪਾਚਨ-ਪ੍ਰਣਾਲੀ ਠੀਕ ਤਰ੍ਹਾਂ ਕੰਮ ਕਰਨ ਲੱਗਦੀ ਹੈ।

ਬਾਹਰ ਖੁਲ੍ਹੀ ਥਾਂ ਵਧੇਰੇ ਮਾਤਰਾ ਵਿਚ ਆਕਸੀਜਨ ਮਿਲਦੀ ਹੈ। ਧੁੱਪ ਵਿਚੋਂ ਵਿਟਾਮਿਨ ਡੀ ਮਿਲਦਾ ਹੈ। ਸਰੀਰਕ ਤੇ ਸਿਹਤ ਪ੍ਰਤੀ ਚੇਤੰਨਤਾ ਵੱਧਦੀ ਹੈ। ਕਸਰਤ ਦਾ, ਖੇਡਾਂ ਦਾ ਸ਼ੌਕ ਪੈਦਾ ਹੁੰਦਾ ਹੈ।

ਸਾਈਕਲਿੰਗ ਨਾਲ ਬੁਢੇਪਾ ਦੂਰ ਜਾਂਦਾ ਹੈ। ਉਮਰ ਲੰਮੀ ਹੁੰਦੀ ਹੈ। ਸਵੈ-ਮਾਣ ਉੱਚਾ ਉੱਠਦਾ ਹੈ। ਚੰਗੇ ਹਾਰਮੋਨਜ਼ ਰਲੀਜ਼ ਹੋਣ ਨਾਲ ਚੰਗਾ ਮਹਿਸੂਸ ਹੁੰਦਾ ਹੈ। ਕੰਮ ਵਿਚ ਮਨ ਲੱਗਦਾ ਹੈ।

ਸਰੀਰ ਨੂੰ, ਸਿਹਤ ਨੂੰ, ਮਨ ਨੂੰ ਐਨਾ ਕੁਝ ਮਿਲਦਾ ਹੈ, ਏਨੇ ਫਾਇਦੇ ਹਨ ਤਾਂ ਫਿਰ ਸਾਈਕਲ ਚਲਾਉਣ ਵਿਚ ਹਰਜ ਕੀ ਹੈ? ਘਰ ਤੋਂ ਕੰਮ-ਕਾਰ ਵਾਲੀ, ਨੌਕਰੀ ਵਾਲੀ ਜਗ੍ਹਾ ਜੇ ਬਹੁਤੀ ਦੂਰ ਨਹੀਂ ਤਾਂ ਆਓ ਸਾਈਕਲ ਤੇ ਹੀ ਚੱਲਦੇ ਹਾਂ। ਕਾਰ, ਸਕੂਟਰ ਨੂੰ ਘਰੇ ਆਰਾਮ ਕਰਨ ਦਿਓ।

# ਅਸ਼ੋਕ ਲੇਲੈਂਡ ਅਤੇ ਝੰਜੇੜੀ ਕੈਂਪਸ ਵੱਲੋਂ ਆਟੋਮੋਬਾਇਲ ਦੇ ਖੇਤਰ ਵਿਚ ਦੇਸ਼ ਦੀ ਅਤਿ ਆਧੁਨਿਕ ਪ੍ਰੀਮੀਅਰ ਲੈਬ ਦੀ ਸ਼ੁਰੂਆਤ

## ਢਾਈ ਕਰੋੜ ਦੀ ਲਾਗਤ ਵਾਲੀ ਇਹ ਲੈਬ ਦੇਸ਼ ਦੀਆਂ ਬਿਹਤਰੀਨ ਪ੍ਰਮੁੱਖ ਆਟੋਮੋਬਾਇਲ ਲੈਬਜ਼ ਵਿਚੋਂ ਇਕ ਲੈਬ : ਐੱਮ ਡੀ ਅਰਸ਼ ਧਾਲੀਵਾਲ





ਮੋਹਾਲੀ, 7 ਅਗਸਤ (ਪੋਸਟ ਬਿਊਰੋ):ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਦੇ ਝੰਜੇੜੀ ਕੈਂਪਸ ਵੱਲੋਂ ਅਸ਼ੋਕ ਲੇਲੈਂਡ ਦੇ ਸਹਿਯੋਗ ਨਾਲ ਕੈਂਪਸ ਵਿਚ ਦੇਸ਼ ਦੀ ਪ੍ਰਮੁੱਖ ਆਟੋ-ਮੋਬਾਇਲ ਲੈਬ ਦੇ ਉਦਘਾਟਨ ਨਾਲ ਆਟੋਮੋਟਿਵ ਸਿੱਖਿਆ ਦੇ ਲੈਂਡਸਕੇਪ ਵਿਚ ਕ੍ਰਾਂਤੀ ਲਿਆ ਦਿੱਤੀ ਹੈ।ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਰਛਪਾਲ ਸਿੰਘ ਧਾਲੀਵਾਲ ਦੀ ਅਗਵਾਈ ਅਤੇ ਸੀ ਜੀ ਸੀ ਝੰਜੇੜੀ ਕੈਂਪਸ ਦੇ ਐਮ ਡੀ ਅਰਸ਼ ਧਾਲੀਵਾਲ ਦੀ ਦੂਰਅੰਦੇਸ਼ੀ ਅਗਵਾਈ ਵਿਚ ਦੇਸ਼ ਦੀ ਮੋਹਰੀ ਆਟੋਮੋਬਾਇਲ ਕੰਪਨੀ ਅਸ਼ੋਕ ਲੇਲੈਂਡ ਦੇ ਸਹਿਯੋਗ ਨਾਲ ਆਟੋਮੋਬਾਇਲ ਦੇ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਉਂਦੇ ਹੋਏ ਇੱਕ ਮੋਹਰੀ ਇਨੋਵੇਸ਼ਨ ਅਤੇ ਹੁਨਰ ਵਿਕਾਸ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ।ਇਸ ਲੈਬ ਦਾ ਉਦਘਾਟਨ ਅਸ਼ੋਕ ਲੇਲੈਂਡ ਦੇ ਨੈਸ਼ਨਲ ਸਰਵਿਸ ਹੈੱਡ ਸ਼੍ਰੀ ਦੇਵਕਰੱਪਈਆ ਬੀ, ਚੇਅਰਮੈਨ ਰਛਪਾਲ ਸਿੰਘ ਧਾਲੀਵਾਲ, ਅਤੇ ਐਮ.ਡੀ ਅਰਸ਼ ਧਾਲੀਵਾਲ ਵੱਲੋਂ ਜਸ਼ਨਾਂ ਦੀ ਸ਼ੁਰੂਆਤ ਰਸਮੀ ਦੀਵੇ ਜਗਾਉਣ ਦੀ ਰਸਮ ਅਤੇ ਰਿਬਨ ਕੱਟਣ ਨਾਲ ਕੀਤਾ ਗਿਆ।

ਅਸ਼ੋਕ ਲੇਲੈਂਡ ਦੇ ਨੈਸ਼ਨਲ ਸਰਵਿਸ ਹੈੱਡ ਸ਼੍ਰੀ ਦੇਵਕਰੱਪਈਆ ਬੀ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆਂ ਕਿ ਲਗਭਗ ਢਾਈ ਕਰੋੜ ਦੀ ਲਾਗਤ ਵਾਲੀ ਇਹ ਲੈਬ ਆਟੋ-ਮੋਬਾਇਲ ਦੇ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੇ ਸਮਰਥ ਹੈ। ਜਿਸ ਵਿਚ ਅੱਠ ਫੁੱਲ-ਸਪੈਕ ਇੰਜਨ, ਇੱਕ ਵਿਆਪਕ ਅਸੈਂਬਲੀ ਲਾਈਨ, ਦੋ ਫੁੱਲ-ਸਪੈਕ ਅਸ਼ੋਕ ਲੇਲੈਂਡ ਟਰੱਕ, ਅਤੇ ਅਗਲੀ ਪੀੜ੍ਹੀ ਦੇ ਡਾਇਗਨੌਸਟਿਕ ਟੂਲ ਅਤੇ ਤਕਨਾਲੋਜੀ ਸ਼ਾਮਲ ਹਨ। ਉਨ੍ਹਾਂ ਦੱਸਿਆਂ ਕਿ ਉੱਚ-ਪ੍ਰਦਰਸ਼ਨ ਵਾਲੇ ਇੰਜਨਾਂ ਅਤੇ ਟਰੱਕਾਂ ਨਾਲ ਲੈਸ, ਐਡਵਾਂਸਡ ਡਾਇਗਨੌਸਟਿਕ ਟੂਲਜ਼ ਦੀ ਇਹ ਲੈਬ ਵਿਦਿਆਰਥੀਆਂ ਲਈ ਇੱਕ ਬੇਮਿਸਾਲ ਜਾਣਕਾਰੀ ਦੇ ਸ਼੍ਰੋਤ ਅਤੇ ਆਟੋਮੋਬਾਇਲ ਦੇ ਖੇਤਰ ਵਿਚ ਨਵੀਆਂ ਖੋਜਾਂ ਕਰਨ ਲਈ ਸਹਾਈ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸੀ ਜੀ ਸੀ ਕੈਂਪਸ ਜੋ ਕਿ ਬਿਹਤਰੀਨ ਇੰਜੀਨੀਅਰ ਤਿਆਰ ਕਰਨ ਲਈ ਜਾਣਿਆਂ ਜਾਂਦਾ ਹੈ। ਅਜਿਹੇ ਕੈਂਪਸ ਵਿਚ ਨੌਜਵਾਨਾਂ ਨੂੰ ਨਵੀਆਂ ਖੋਜਾਂ ਕਰਨ ਦੇ ਬਿਹਤਰੀਨ ਮੌਕੇ ਮਿਲਣ-ਗੇ, ਜੋ ਅਸ਼ੋਕ ਲੇਲੈਂਡ ਲਈ ਵੀ ਬਹੁਤ ਲਾਹੇਵੰਦ ਸਾਬਤ ਹੋਣਗੇ।

ਐਮ ਡੀ ਅਰਸ਼ ਧਾਲੀਵਾਲ ਨੇ ਅਸ਼ੋਕ ਲੇਲੈਂਡ ਨਾਲ ਸ਼ੁਰੂ ਕੀਤੇ ਇਸ ਉਪਰਾਲੇ ਤੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਝੰਜੇੜੀ ਕੈਂਪਸ ਅਕੈਡਮਿਕ ਸਿੱਖਿਆਂ ਦੇ ਨਾਲ ਨਾਲ ਪ੍ਰੈਕਟੀਕਲ ਸਿੱਖਿਆਂ ਅਤੇ ਉਦਯੋਗ ਨਾਲ ਸਬੰਧਿਤ ਗਿਆਨ ਅਤੇ ਵਿਹ-ਾਰਕ ਹੁਨਰਾਂ ’ਤੇ ਜ਼ੋਰ ਦਿੰਦਾ ਹੈ।ਆਉਣ ਵਾਲੇ ਦਿਨਾਂ ਵਿਚ ਹੋਰ ਵੀ ਸਨਮਾਨਿਤ ਬਰਾਂਡ ਸਾਡੇ ਨਾਲ ਜੁੜਨ ਲਈ ਤਿਆਰ ਹਨ। ਇਹ ਉਪਰਾਲੇ ਸਾਡੀ ਇੱਕ ਪਰਿਵਰਤਨਸ਼ੀਲ ਅਤੇ ਵਿਸ਼ਵ ਪੱਧਰੀ ਵਿੱਦਿਅਕ ਯਾਤਰਾ ਪ੍ਰਦਾਨ ਕਰਨ ਲਈ ਅਟੱਲ ਵਚਨਬੱਧਤਾ ਦੀ ਉਦਾਹਰਨ ਦਿੰਦੀ ਹੈ।

ਚੇਅਰਮੈਨ ਰਛਪਾਲ ਸਿੰਘ ਧਾਲੀਵਾਲ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆਂ ਕਿ ਨੌਜਵਾਨ ਐਮ ਡੀ ਅਰਸ਼ ਧਾਲੀਵਾਲ ਦੀ ਦੂਰਅੰਦੇਸ਼ੀ ਸੋਚ ਵਿਚ ਝੰਜੇੜੀ ਕੈਂਪਸ ਵਿਚ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਲਈ ਕੀਤੇ ਜਾ ਰਹੇ ਇਹ ਉਪਰਾਲੇ ਨਵੀਆਂ ਉਡਾਣਾਂ ਹਨ।ਇਹ ਸਹਿਯੋਗ ਆਟੋਮੋਟਿਵ ਇੰਜੀਨੀਅਰਾਂ ਦੀ ਅਗਲੀ ਪੀੜ੍ਹੀ ਨੂੰ ਵਿਸ਼ਵ ਪੱਧਰੀ ਸਿਖਲਾਈ ਅਤੇ ਆਟੋਮੋਟਿਵ ਉਦਯੋਗ ਵਿਚ ਉੱਤਮਤਾ ਪ੍ਰਾਪਤ ਕਰਨ ਦੇ ਹੁਨਰ ਦੇ ਨਾਲ ਸ਼ਕਤੀ ਪ੍ਰਦਾਨ ਕਰਦਾ ਹੈ।






LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate of Excellence THREE BEST RATED

SAFE, RELIABLE AND EFFICIENT SERVICE AT THE BEST RATES



The Mortgage Centre
We work for you, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH



1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸ਼ਾਂਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੁਇਟ ਅਤੇ ਵਾਕ ਇਨ ਕਲੋਜਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE



2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੁਇਟ ਅਤੇ His & Her ਕਲੋਜਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION



900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੇਬਨਿਟ, ਨਵਾਂ ਪੇਂਟ, ਨਵੇਂ ਲੈਂਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE



1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੁਇਟ ਅਤੇ Walk-in ਕਲੋਜਿਟ,
Laundary ਮੇਨ ਫਲੋਰ ਤੇ।
ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN International CIRCUS
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE: PUNJABI
ROYALCANADIANCIRCUS.CA